SED-EDU401/72/2023-2EDU4

I/781955/2024

ਪੰਜਾਬ ਸਰਕਾਰ

ਸਿੱਖਿਆ ਵਿਭਾਗ

(ਸਿੱਖਿਆ – 4 ਸ਼ਾਖਾ)

ਹੁਕਮ

ਸਕੂਲ ਸਿੱਖਿਆ ਵਿਭਾਗ, ਪੰਜਾਬ ਵਿਖੇ ਕੰਮ ਕਰ ਰਹੇ ਪ੍ਰਿੰਸੀਪਲਾਂ/ਉੱਪ ਜਿਲ੍ਹਾ ਸਿੱਖਿਆ ਅਫਸਰਾਂ ਤੋਂ ਬਤੌਰ ਜਿਲ੍ਹਾ ਸਿੱਖਿਆ ਅਫਸਰ/ਸਹਾਇਕ ਡਾਇਰੈਕਟਰ ਪੱਦ ਉੱਨਤੀਆਂ ਕਰਨ ਲਈ ਵਿਭਾਗੀ ਤਰੱਕੀ ਕਮੇਟੀ ਦੀ ਮੀਟਿੰਗ ਮਿਤੀ 25.01.2024 ਨੂੰ ਰੱਖੀ ਗਈ ਸੀ। ਵਿਭਾਗੀ ਤਰੱਕੀ ਕਮੇਟੀ ਵੱਲੋਂ ਲਏ ਗਏ ਫੈਸਲੇ/ਕੀਤੀ ਗਈ ਸ਼ਿਫਾਰਸ਼ ਅਨੁਸਾਰ 51 ਪ੍ਰਿੰਸੀਪਲਾਂ/ਉੱਪ ਜਿਲ੍ਹਾ ਸਿੱਖਿਆ ਅਫਸਰਾਂ ਤੋਂ ਬਤੌਰ ਜਿਲ੍ਹਾ ਸਿੱਖਿਆ ਅਫਸਰ/ਸਹਾਇਕ ਡਾਇਰੈਕਟਰ ਪੱਦ ਉੱਨਤ ਕਰਨ ਸਬੰਧੀ ਹੁਕਮ ਸਰਕਾਰ ਦੇ ਪੱਤਰ ਨੰ: SED-EDU401/72/2023-2EDU4/16 ਮਿਤੀ 25.01.2024 ਰਾਹੀਂ ਜਾਰੀ ਕੀਤੇ ਗਏ ਸਨ। ਕਮੇਟੀ ਵੱਲੋਂ ਸ਼੍ਰੀਮਤੀ ਦਲਜਿੰਦਰ ਕੌਰ ਪ੍ਰਿੰਸੀਪਲ ਵਿਰੁੱਧ ਪੰਜਾਬ ਸਿਵਲ ਸੇਵਾਵਾਂ (ਸਜਾ ਤੇ ਅਪੀਲ) ਨਿਯਮਾਂਵਲੀ 1970 ਦੇ ਨਿਯਮ 8 ਅਧੀਨ ਦੋਸ਼ ਸੂਚੀ ਪੈਡਿੰਗ ਹੋਣ ਕਾਰਣ ਉਸਦਾ ਕੇਸ ਸੀਲਡ ਕਵਰ ਵਿੱਚ ਰੱਖਣ ਦੀ ਸਿਫਾਰਿਸ਼ ਕੀਤੀ ਗਈ ਸੀ।

2. ਹੁਣ ਸਰਕਾਰ ਦੇ ਹੁਕਮ ਨੰ SED-EDU404-14/2-1EDU4/16-19 ਮਿਤੀ 30.1.2024 ਰਾਹੀਂ ਸ਼੍ਰੀਮਤੀ ਦਲਜਿੰਦਰ ਕੌਰ, ਪ੍ਰਿੰਸੀਪਲ ਵਿਰੁੱਧ ਜਾਰੀ ਕੀਤੀ ਦੋਸ਼ ਸੂਚੀ ਦਾਖਲ ਦਫਤਰ ਕੀਤੀ ਜਾ ਚੁੱਕੀ ਹੈ। ਇਸ ਲਈ ਸ਼੍ਰੀਮਤੀ ਦਲਜਿੰਦਰ ਕੌਰ, ਪ੍ਰਿੰਸੀਪਲ ਦਾ ਸੀਲਡ ਕਵਰ ਖੋਲਦੇ ਹੋਏ ਉਸਨੂੰ Punjab Educational Service (School and Inspection Cadre) Group A ਲੈਵਲ 21 ਵਿਚ ਉਸ ਤੋਂ ਜੂਨੀਅਰ ਅਧਿਕਾਰੀਆਂ ਦੀ ਤਰੱਕੀ ਦੀ ਮਿਤੀ 25.1.2024 ਤੋਂ ਬਤੌਰ ਜਿਲਾ ਸਿੱਖਿਆ ਅਫਸਰ/ਸਹਾਇਕ ਡਾਇਰੈਕਟਰ ਪਦ ਉੱਨਤ ਕੀਤਾ ਜਾਂਦਾ ਹੈ। ਮਿਤੀ 25.1.2024 ਤੋਂ ਹਾਜਰ ਹੋਣ ਦੀ ਮਿਤੀ ਤੱਕ ਉਸਦੀ ਤਰੱਕੀ ਨੋਸ਼ਨਲ ਹੋਵੇਗੀ।

3. ਪਦ ਉੱਨਤੀ ਉਪਰੰਤ ਅਧਿਕਾਰਨ ਦੇ ਤੈਨਾਤੀ ਦੇ ਹੁਕਮ ਬਾਅਦ ਵਿੱਚ ਜਾਰੀ ਕੀਤੇ ਜਾਣਗੇ।

4. ਇਹ ਪਦ ਉੱਨਤੀ ਹੇਠ ਦਰਸਾਈਆਂ ਸ਼ਰਤਾਂ ਤੇ ਅਧਾਰਤ ਹੋਵੇਗੀ:-

(ੳ) ਇਹ ਪੱਦ ਉੱਨਤੀ ਸਿਵਲ ਰਿੱਟ ਪਟੀਸ਼ਨ ਨੰ 8111 ਆਫ 2021 ਹਰਨੇਕ ਸਿੰਘ ਅਤੇ ਹੋਰ ਬਨਾਮ ਪੰਜਾਬ ਸਰਕਾਰ ਅਤੇ ਹੋਰ ਵਿੱਚ ਦਾਇਰ ਸੀ.ਐਮ ਨੰ 16519 ਆਫ 2023 ਅਤੇ ਹੋਰ ਪੈਂਡਿੰਗ ਰਿੱਟ ਪਟੀਸ਼ਨਾਂ ਵਿੱਚ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਦਿੱਤਾ ਜਾਣ ਵਾਲੇ ਅੰਤਿਮ ਫੈਸਲਾ ਮੰਨਣਯੋਗ ਹੋਵੇਗਾ। ਉਪਰੋਕਤ ਤੋਂ ਇਲਾਵਾ ਮਾਨਯੋਗ ਕੋਰਟ ਵਿੱਚ ਸੀਨੀਅਰਤਾ ਸਬੰਧੀ ਜੇਕਰ ਕੋਈ ਰਿੱਟ ਪਟੀਸ਼ਨ ਲੰਬਿਤ ਹੋਵੇ, ਤਾਂ ਉਨ੍ਹਾਂ ਕੇਸਾਂ ਦਾ ਜੋ ਅੰਤਿਮ ਫੈਸਲਾ ਹੋਵੇਗਾ, ਉਹ ਮੰਨਣਯੋਗ ਹੋਵੇਗਾ।

(ਅ) ਇਹ ਤਰੱਕੀ ਬਿਲਕੁਲ ਆਰਜੀ ਹੋਵੇਗੀ।

(ੲ) ਇਸ ਅਧਿਕਾਰੀ ਦਾ ਪਰਖਕਾਲ ਹਾਜਰ ਹੋਣ ਦੀ ਮਿਤੀ ਤੋਂ ਇੱਕ ਸਾਲ ਦਾ ਹੋਵੇਗਾ।

(ਸ) ਪੱਦ-ਉੱਨਤ ਹੋਏ ਅਧਿਰਾਕੀ ਆਪਣੀ ਹਾਜਰੀ ਰਿਪੋਰਟ ਤੁਰੰਤ ਆਪਣੀ ਨਵੀਂ ਤੈਨਾਤੀ ਵਾਲੀ ਥਾਂ ਤੇ ਪੇਸ਼ ਕਰਨਗੇ। ਜੇਕਰ ਅਧਿਕਾਰੀ ਤੁਰੰਤ ਆਪਣੀ ਹਾਜਰੀ ਪੇਸ਼ ਕਰਨ ਨੂੰ ਅਸਮਰਥ ਹੋਏ, ਤਾਂ ਉਨ੍ਹਾਂ ਨੂੰ ਨਿਯਮਾਂ ਅਨੁਸਾਰ ਪੱਦ-ਉੱਨਤੀ ਦੇ ਹੱਕ ਤੋਂ 02 ਸਾਲ ਲਈ ਡੀ-ਬਾਰ ਕਰ ਦਿੱਤਾ ਜਾਵੇਗਾ।

P.T.O.

(ਹ) ਜੇਕਰ ਅਧਿਕਾਰੀ ਵਿਰੁੱਧ ਭੈੜੇ ਕਥਨਾਂ ਬਾਰੇ ਜਾਂ ਚਲ ਰਹੀ ਵਿਭਾਗੀ ਕਾਰਵਾਈ ਬਾਰੇ ਕੇਸ ਧਿਆਨ ਵਿੱਚ ਆਉਂਦਾ ਹੈ, ਤਾਂ ਉਸਦੀ ਕੀਤੀ ਗਈ ਪਦ-ਉੱਨਤੀ ਨੂੰ ਮੁੜ ਵਿਚਾਰਿਆ ਜਾਵੇਗਾ।

5. ਇਹ ਹੁਕਮ ਤੁਰੰਤ ਲਾਗੂ ਹੋਣਗੇ।

ਕਮਲ ਕਿਸ਼ੋਰ ਯਾਦਵ, ਆਈ.ਏ.ਐਸ,
ਸਕੱਤਰ, ਪੰਜਾਬ ਸਰਕਾਰ,
ਸਕੂਲ ਸਿੱਖਿਆ ਵਿਭਾਗ।

ਮਿਤੀ, ਚੰਡੀਗੜ੍ਹ
ਪਿ.ਅੰ.ਨੰ/ਉਕਤ

ਮਿਤੀ, ਚੰਡੀਗੜ੍ਹ:13.02.2024

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਮਹਾਂ ਲੇਖਾਕਾਰ (ਏ.ਐਂਡ.ਈ.) ਆਡਿਟ ਵਿੰਗ, ਪੰਜਾਬ, ਚੰਡੀਗੜ੍ਹ।
2. ਸਕੱਤਰ, ਪੰਜਾਬ ਲੋਕ ਸੇਵਾ ਕਮਿਸ਼ਨ, ਪਟਿਆਲਾ।
3. ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ, ਪੰਜਾਬ ਨੂੰ ਕਾਪੀ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਇਨ੍ਹਾਂ ਹੁਕਮਾਂ ਨੂੰ ਤੁਰੰਤ ਵਿਭਾਗ ਦੀ ਵੈਬਸਾਈਟ ਤੇ ਅੱਪਲੋਡ ਕੀਤਾ ਜਾਵੇ।
4. ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰ/ਐਲੀਮੈਂਟਰੀ), ਪੰਜਾਬ।
5. ਡਾਇਰੈਕਟਰ ਐਸ.ਸੀ.ਈ.ਆਰ.ਟੀ., ਪੰਜਾਬ।
6. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ./ਐ.ਸਿ.), ਪੰਜਾਬ (ਵੈਬਸਾਈਟ ਰਾਹੀਂ)।
7. ਸਬੰਧਤ ਅਧਿਕਾਰੀ (ਵੈਬਸਾਈਟ ਰਾਹੀਂ)।

(ਸੁਰਜੀਤ ਸਿੰਘ)
ਸੁਪਰਡੰਟ

<u>ਅੰਦਰੂਨੀ ਵੰਡ:</u>

1. ਨਿ.ਸਕੱਤਰ/ਸਿੱਖਿਆ ਮੰਤਰੀ
2. ਨਿ.ਸਕੱਤਰ/ਸਕੱਤਰ ਸਕੂਲ ਸਿੱਖਿਆ
3. ਨਿ.ਸਹਾਇਕ/ਵਿਸ਼ੇਸ਼ ਸਕੱਤਰ ਸਕੂਲ ਸਿੱਖਿਆ